International Journal of Applied Research 2016; 2(1): 128-130




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(1): 128-130
www.allresearchjournal.com
Received: 22-11-2015
Accepted: 25-12-2015

**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

**Corresponding Author:**
**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

# ਰੇਤ ਦਾ ਸਮੁੰਦਰ- ਮਾਨਵੀ ਧਰਾਤਲ ਦੀ ਤਲਾਸ਼

**Dr. Iqbal Kaur**

## ਪ੍ਰਸਤਾਵਨਾ

ਇਸਤਰੀ ਪੁਰਸ਼ ਸਮਾਨਤਾ ਇਕ ਅਜਿਹਾ ਵਿਸ਼ਾ ਹੈ ਜੋ ਬਾਬਾ ਆਦਮ ਅਤੇ ਬੀਬੀ ਹਵਾ ਨਾਲ ਹੀ ਹੋਂਦ ਵਿਚ ਆ ਗਿਆ ਹੋਵੇਗਾ। ਪ੍ਰਕਿਰਤਕ ਪੱਧਰ ਤੇ ਇਨ੍ਹਾਂ ਦੀ ਸੰਰਚਨਾ ਅਜਿਹੀ ਹੈ ਕਿ ਦੋਵੇਂ ਇਕ ਦੂਜੇ ਬਿਨ੍ਹਾਂ ਅਧੂਰੇ ਹਨ। ਪਰ ਜਦੋਂ ਇਨ੍ਹਾਂ ਨੇ ਸਮਾਜ ਅਤੇ ਸੰਸਕ੍ਰਿਤੀ ਵਿਚ ਪ੍ਰਵੇਸ਼ ਕੀਤਾ, ਤਾਂ ਦੋਹਾਂ ਵਿਚ ਨਾ ਖਤਮ ਹੋਣ ਵਾਲੀ, ਆਪਣੇ ਆਪ ਨੂੰ ਇਕ ਦੂਜੇ ਤੋਂ ਉੱਤਮ ਸਿੱਧ ਕਰਨ ਵਾਲੀ ਜੰਗ ਲਗ ਗਈ। ਹਰ ਯੁਗ ਵਿਚ ਹਰ ਕਾਲ ਵਿਚ ਇਸਤਰੀ ਪੁਰਸ਼ ਬਾਰੇ ਗਲ੍ਹਾਂ ਹੋਈਆਂ। ਸਮਾਜ ਵਿਚ ਕਦੇ ਇਸਤਰੀ ਪ੍ਰਧਾਨ ਹੋ ਗਈ ਤੇ ਕਦੇ ਪੁਰਸ਼ ਦੀ ਸਰਦਾਰੀ ਕਾਇਮ ਹੋ ਗਈ। ਬੱਚੇ ਦੀ ਪਛਾਣ ਨਾਲ ਕਦੇ ਮਾਂ ਦਾ ਨਾਮ ਜੁੜਿਆਂ ਜਿਵੇ ਕੁੰਤੀ ਪੁੱਤਰ, ਯਸ਼ੋਧਾ ਨੰਦਨ ਅਤੇ ਫਿਰ ਇਹ ਪਛਾਣ ਪਿਤਾ ਦੇ ਨਾਮ ਨਾਲ ਜੁੜ ਗਈ। ਇਸਤਰੀ ਪੁਰਸ਼ ਸਾਰੀ ਸ੍ਰਿਸ਼ਟੀ ਦਾ ਆਧਾਰ ਹਨ। ਵੇਦਾਂ, ਕਤੇਬਾਂ ਅਤੇ ਸਿਮਰਤੀਆਂ ਵਿਚ ਇਸਤਰੀ ਬਾਰੇ ਬਹੁਤ ਕੁਝ ਲਿਖਿਆ ਗਿਆ। ਪਰ ਧਿਆਨ ਰਹੇ ਇਸਤਰੀ ਬਾਰੇ ਲਿਖਣ ਵਾਲੇ ਇਹ ਸਭ ਪੁਰਸ਼ ਹੀ ਸਨ। ਜਿਸ ਦਾ ਜਿਵੇਂ ਦਿਲ ਕੀਤਾ ਉਸੀ ਤਰ੍ਹਾਂ ਲਿਖ ਦਿਤਾ। ਜੋ ਅਨੁਭਵ ਇਸਤਰੀ ਨੂੰ ਪ੍ਰਾਪਤ ਹੁੰਦੇ ਹਨ, ਉਹਨਾਂ ਨੂੰ ਪੁਰਸ਼ ਮਹਿਸੂਸ ਵੀ ਨਹੀਂ ਕਰ ਸਕਦਾ। ਉਹ ਕੇਵਲ ਉਨ੍ਹਾਂ ਬਾਰੇ ਕਲਪਨਾ ਕਰ ਸਕਦਾ ਹੈ। ਇਕ ਵਿੱਥ ਤੇ ਖੜੇ ਪੁਰਸ਼ ਨੇਂ ਇਸਤਰੀ ਬਾਰੇ ਜੋ ਵੀ ਲਿਖ ਦਿਤਾ, ਸਮਾਂ ਪਾ ਕੇ ਸਭ ਨੇ, ਇਥੋ ਤੱਕ ਕੀ ਇਸਤਰੀ ਨੇ ਵੀ ਉਸ ਨੂੰ ਸਵੀਕਾਰ ਕਰ ਗਿਆ। ਉਹ ਠੀਕ ਸੀ ਜਾਂ ਗਲਤ ਕਿਸੇ ਨੇ ਨਹੀਂ ਸੋਚਿਆ।

ਪੁਰਾਤਨ ਹਵਾਲਿਆਂ ਤੋਂ ਅਜਿਹੇ ਕਈ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਪਹਿਲਾਂ ਕੋਈ ਵੀ ਧਾਰਮਕ ਜਾਂ ਸਮਾਜਕ ਅਨੁਸ਼ਠਾਨ ਇਸਤਰੀ ਪੁਰਸ਼ ਇਕੱਠੇ ਕਰਦੇ ਸੀ। ਇਸਤਰੀ ਹਰ ਪ੍ਰਬੰਧ ਵਿਚ ਪੁਰਸ਼ ਨਾਲ ਬਰਾਬਰ ਬੈਠਦੀ ਸੀ। ਪਰ ਹੋਲੀ-ਹੋਲੀ ਔਰਤ ਬਿਲਕੁਲ ਹਾਸ਼ੀਏ ਤੇ ਆ ਗਈ। ਤੇ ਉਸ ਨਾਲ ਹਰ ਪਧੱਰ ਤੇ ਅਮਾਨਵੀ ਸਲੂਕ ਸ਼ੁਰੂ ਹੋ ਗਿਆ। ਹਾਲਤ ਐਸੇ ਵਿਗੜ ਗਏ ਕਿ ਗੁਰੂਆਂ, ਸੰਤਾਂ, ਫਕੀਰਾਂ, ਨੇਤਾਵਾਂ ਅਤੇ ਸਮਾਜ ਸੁਧਾਰਕਾਂ ਸਭ ਦਾ ਧਿਆਨ ਇਸ ਵੱਲ ਗਿਆ ਤੇ ਇਹ ਇਕ ਮਸਲਾ ਬਣ ਗਿਆ। ਫਿਰ ਕਾਨੂੰਨੀ ਪੱਧਰ ਤੇ ਇਸ ਮਸਲੇ ਦੇ ਕਈ ਹਲ ਵੀ ਲਭੇ ਗਏ। ਲਿਖਤੀ ਰੂਪ ਵਿਚ ਸਭ ਬਰਾਬਰ ਹੈ ਪਰ ਵਿਹਾਰਕ ਰੂਪ ਅਸੀਂ ਸਭ ਜਾਣਦੇ ਹਾਂ। ਅਗਰ ਦੋਹਾਂ ਵਿਚ ਸਮਾਨਤਾ ਹੋਵੇ ਤਾਂ ਬਾਰ ਬਾਰ ਇਸ ਵਿਸ਼ੇ ਨੂੰ ਚੁਕਣ ਦੀ ਕੀ ਲੋੜ੍ਹ ਹੈ? ਅਗਰ ਬਰਾਬਰੀ ਆਈ ਵੀ ਹੈ ਤਾਂ ਉਹ ਕਿਨ੍ਹੇ ਫੀਸਦੀ ਹੈ?

ਮਾਰਕਸਵਾਦੀ ਦ੍ਰਿਸ਼ਟੀਕੌਣ ਅਨੁਸਾਰ ਜਿਵੇਂ ਜਿਵੇਂ ਸਮਾਜਕ ਅਤੇ ਆਰਥਕ ਹਾਲਾਤ ਬਦਲਣਗੇ, ਇਸਤਰੀ ਪੁਰਸ਼ ਦੇ ਸੰਬੰਧਾਂ ਵਿਚ ਪਰੀਵਰਤਨ ਆਏਗਾ। ਇਹ ਵਿਚਾਰ ਅਮਲੀ ਰੂਪ ਲੈਂਦਾ ਨਜ਼ਰ ਵੀ ਆਉਂਦਾ ਹੈ। ਔਰਤ ਦੀ ਸਮਾਜਕ ਅਤੇ ਆਰਥਕ ਸਥਿਤੀ ਵਿਚਲਾ ਅੰਤਰ ਅੱਜ ਸਾਹਮਣੇ ਹੈ। ਜਿੰਦਗੀ ਦੇ ਹਰ ਖੇਤਰ ਵਿਚ ਔਰਤ ਦੇ ਯੋਗਦਾਨ ਨੂੰ ਅਸੀਂ ਨਕਾਰ ਨਹੀਂ ਸਕਦੇ। ਔਰਤ ਵਿਚ ਆਈ ਚੇਤਨਾ ਅਤੇ ਜਾਗ੍ਰਤੀ ਅੱਜ ਦਾ ਸੱਚ ਹੈ। ਪਰ ਇਹ ਪਰੀਵਰਤਨ ਕਿਨ੍ਹਿਆਂ ਨੂੰ ਮਿਲਿਆ ਹੈ?

> "ਲਿੰਗ ਬਰਾਬਰੀ ਦੇ ਨਾਮ ਤੇ ਔਰਤਾਂ ਦੀ ਰਾਖੀ ਜਾਂ ਸੁਰਖਿੱਆਂ ਦੇ ਨਾਮ ਤੇ ਉਸਨੂੰ ਗੁਲਾਮ ਬਣਾਈ ਰੱਖਣ ਦਾ ਨਾਟਕ, ਨਾ ਬਰਾਬਰੀ ਦੇ ਭੇਦ ਭਾਵ ਦੀ ਬੁਨਿਆਦ ਤੇ ਖੜ੍ਹੇ ਸਮਾਜ ਵਿਚ

ਉਦੋਂ ਤੱਕ ਹੁੰਦਾ ਰਹੇਗਾ ਜਦੋਂ ਤਕ ਕੀ ਰਾਜ ਪ੍ਰਬੰਧ ਦਾ ਢਾਂਚਾ ਔਰਤਾਂ ਨੂੰ ਹਲ ਲੱਭਣ ਦੇ ਯਤਨਾਂ ਵਿਚ ਸ਼ਾਮਿਲ ਨਾ ਕਰਕੇ ਉਨ੍ਹਾਂ ਨੂੰ ਦਬਾਉਣ ਤੇ ਬਚਾਉਣ ਦੀ ਸਿਆਸਤ ਕਰਦਾ ਰਹੇਗਾ। ਸਾਂਝੀਆਂ ਥਾਂਵਾਂ ਤੇ ਔਰਤਾਂ ਦੀ ਮੌਜੂਦਗੀ ਤੇ ਹਿੱਸੇਦਾਰ ਦੇ ਸਵਾਲਾਂ ਨੂੰ ਨਜਿੱਠੇ ਬਿਨਾਂ ਪਿਤੱਰ ਸੱਤਾ ਦਾ ਢਾਂਚਾਂ ਹੱਲ ਲਭੱਣ ਦਾ ਸਿਰਫ ਨਾਟਕ ਕਰਦਾ ਹੈ।"(੧)

ਅੱਜ ਦੀ ਆਧੁਨਿਕ ਔਰਤ ਪੜ੍ਹ ਲਿਖ ਕੇ ਦੇਸ਼ਾਂ ਵਿਦੇਸ਼ਾਂ ਦੀਆਂ ਸਾਰੀਆਂ ਸੀਮਾਵਾਂ ਪਾਰ ਕਰਕੇ ਆਪਣੀ ਹੋਂਦ ਆਪਣੀ ਪਛਾਣ ਸਥਾਪਿਤ ਕਰ ਰਹੀ ਹੈ। ਔਰਤ ਦੀ ਜਿਸ ਅਜ਼ਾਦ ਸਥਿਤੀ ਦਾ ਅੱਜ ਅਸੀਂ, ਹਵਾਲਾ ਦੇ ਰਹੇ ਹਾਂ, ਪਛੱਮੀ ਦੇਸ਼ਾਂ ਦੀਆਂ ਔਰਤਾਂ ਕੋਲ ਇਹ ਸਥਿਤੀ ਕਈ ਦਹਾਕੇ ਪਹਿਲਾਂ ਵੀ ਸੀ ਪਰ ਫਿਰ ਵੀ ਐਸਾ ਕੀ ਸੀ ਕਿ ਪਛੱਮ ਵਿਚੋਂ ਹੀ ਨਾਰੀਵਾਦ ਉਠਿਆ। ਇਹ ਵਿਚਾਰਨ ਵਾਲੀ ਗਲ ਹੈ।
ਜਦੋਂ ਔਰਤ ਨੇ ਆਪ ਕਲਮ ਚੁਕ ਕੇ ਲਿਖਣਾ ਸ਼ੁਰੂ ਕੀਤਾ ਤਾਂ ਉਸ ਦੀ ਸੋਚ ਅਤੇ ਲਿਖਤ ਉਪਰ ਪੁਰਸ਼ ਵਿਰੋਧੀ ਹੋਣ ਦਾ ਠੱਪਾ ਲਗਾ ਦਿਤਾ ਗਿਆ। ਆਪਣੀ ਅਵਾਜ਼ ਬੁਲੰਦ ਕਰਨ ਵਾਲੀਆਂ ਔਰਤਾਂ ਨੂੰ ਸਮਾਜ ਲਈ ਖਤਰਾ ਮਹਿਸੂਸ ਕੀਤਾ ਗਿਆ। ਔਰਤ ਦੇ ਹੱਕ ਵਿਚ ਅਗਰ ਔਰਤ ਖੜੀ ਹੂੰਦੀ ਹੈ ਤਾਂ ਠੀਕ ਨਹੀਂ। ਇਹ ਇਸ ਤਰ੍ਹਾਂ ਦੀ ਸੋਚ ਹੈ? ਯੂਨੀਸੈਫ ਕਹਿੰਦਾ ਹੈ ਕਿ;

"ਔਰਤਾਂ ਅਤੇ ਮਰਦਾਂ, ਲੜਕੀਆਂ ਅਤੇ ਲੜਕਿਆਂ ਨੂੰ ਹੱਕ, ਸ੍ਰੋਤ, ਮੌਕੇ ਅਤੇ ਸੁਰੱਖਿਆ ਦਾ ਆਨੰਦ ਮਾਣਨ ਦਾ ਹੱਕ ਬਰਾਬਰ ਹੈ। ਇਸ ਲਈ ਇਹ ਜਰੂਰੀ ਨਹੀਂ ਕੁੜੀਆਂ ਅਤੇ ਮੁੰਡੇ, ਔਰਤਾਂ ਅਤੇ ਮਰਦ ਇਕੋ ਜਿਹੇ ਹੋਣ ਜਾਂ ਉਨ੍ਹਾਂ ਨਾਲ ਬਿਲਕੁਲ ਇਕੋ ਜਿਹੇ ਤਰੀਕੇ ਨਾਲ ਵਰਤਾਓ ਕੀਤਾ ਜਾਏ।"(੨)

ਮਨਜੀਤ ਪਾਲ ਕੌਰ ਦੀ ਕਾਵਿ ਪੁਸਤਕ 'ਰੇਤ ਦੇ ਸਾਮੁੰਦਰ' ਨੇ ਵਿਦਵਾਨਾਂ ਅਤੇ ਆਲੋਚਕਾਂ ਦਾ ਆਪਣੇ ਵੱਲ ਵਿਸ਼ੇਸ਼ ਧਿਆਨ ਖਿਚਿਆ। ਕਿਉਂਕਿ ਕਵਿਤਰੀ ਨੇ ਆਪਣੀਆਂ ਕਵਿਤਾਵਾਂ ਵਿਚ ਨਾਰੀਵਾਦ ਤੋਂ ਇਕ ਕਦਮ ਅੱਗੇ ਜਾ ਕੇ ਗਲ ਕੀਤੀ ਹੈ। ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦੀ ਵਾਸਤਵਿਕ ਸਥਿਤੀ ਦਾ ਪ੍ਰਗਟਾਵਾ ਵੀ ਕੀਤਾ ਹੈ ਪਰ ਇਸ ਸਥਿਤੀ ਵਿਚੋਂ ਨਿਕਲਣ ਲਈ, ਉਹ ਲੜਾਈ ਜਾਂ ਟਕਰਾਓ ਦਾ ਰਾਹ ਨਹੀਂ ਲਭਦੀ ਸਗੋਂ ਸਮਾਨਤਾ ਅਤੇ ਪਛਾਣ ਦੇ ਮਾਨਵੀ ਧਰਾਤਲ ਨੂੰ ਤਲਾਸ਼ ਕਰਨ ਵੱਲ ਰੁਚਿਤ ਹੈ। ਇਸਤਰੀ ਅਤੇ ਪੁਰਸ਼ ਵਿਚਲੇ ਪ੍ਰਕਿਰਤਕ ਅੰਤਰ ਨੂੰ ਅਸੀਂ ਆਧੁਨਿਕਤਾ ਦੇ ਨਾਮ ਤੇ ਅੱਖੋਂ ਪਰੋਖੇ ਨਹੀਂ ਕਰ ਸਕਦੇ।
ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਜਿਵੇ ਜਿਵੇ ਸਮਾਜਕ, ਆਰਥਕ ਹਾਲਾਤ ਬਦਲਣਗੇ, ਇਸਤਰੀ ਪੁਰਸ਼ ਦੇ ਸੰਬੰਧਾਂ/ਸਥਿਤੀਆਂ ਵਿਚ ਪਰੀਵਰਤਨ ਆਏਗਾਂ। ਸਮੇਂ ਦੀ ਚਾਲ ਅਨੁਸਾਰ ਇਹ ਵਿਚਾਰ ਅਮਲੀ ਰੂਪ ਆਪ ਲੈਂਦਾ ਨਜ਼ਰ ਆ ਰਿਹਾ ਹੈ। ਔਰਤ ਦੀ ਸਥਿਤੀ ਵਿਚ ਆਇਆ ਪਰੀਵਰਤਨ ਅੱਜ ਦਾ ਸੱਚ ਹੈ। ਮਨਜੀਤ ਪਾਲ ਕੌਰ ਦੀ ਕਾਵਿ ਪੁਸਤਕ 'ਰੇਤ ਦਾ ਸਮੁੰਦਰ' ਪੜ੍ਹਿਆਂ ਪਤਾ ਲਗਦਾ ਹੈ ਕਿ ਇਹ ਬਦਲਾਵ ਸਾਹਿਤ ਵਿਚ ਵੀ ਨਜ਼ਰ ਆ ਰਿਹਾ ਹੈ। ਕਵਿਤਰੀ ਦੀ ਸਭ ਤੋਂ ਵੱਧ ਪ੍ਰਸ਼ੰਸਾਂ ਵਾਲੀ ਗਲ ਇਹ ਹੈ ਕਿ ਉਹ ਮਰਦ ਦੇ ਖਿਲਾਫ ਅਲਾਰ ਵਿਦਰੋਹ ਨਹੀਂ ਕਰਦੀ ਸਗੋਂ ਸਮਾਨਤਾ ਅਤੇ ਆਪਸੀ ਪਛਾਣ ਦੇ ਮਾਨਵੀ ਧਰਾਤਲ ਨੂੰ ਤਲਾਸ਼ ਕਰਨ ਵੱਲ ਰੁਚਿਤ ਹੈ।
ਮਨਜੀਤ ਪਾਲ ਕੌਰ ਨੇ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਜਿਥੇ ਔਰਤ ਦੀ ਸਮਾਜਕ ਆਰਥਕ ਸਥਿਤੀ ਦੀ ਗੱਲ ਕੀਤੀ ਹੈ। ਉਥੇ ਉਸਨੇ ਇਸਤਰੀ ਦੀ ਮਾਨਸਿਕਤਾ ਨੂੰ ਵੀ ਪੇਸ਼ ਕੀਤਾ ਹੈ। ਮਨਜੀਤਪਾਲ ਕੌਰ ਦੀਆਂ ਕਵਿਤਾਂਵਾਂ 'ਔਰਤ ਹਾਂ' ਦੇ ਅਹਿਸਾਸ ਵਿਚੋਂ ਪੈਦਾ ਹੋਈਆ ਹਨ।

"..... ਲੋਕੀ ਕਹਿੰਦੇ
ਔਰਤ ਜਦ ਵੀ ਗਲ ਕਰਦੀ
ਅਕਸਰ ਹੰਝੂਆਂ ਦੀ ਹੀ ਗਲ ਹੁੰਦੀ
ਹਾਵੇ ਵਿਗੋਚਿਆਂ ਤੋਂ ਬਾਹਰ ਨਾ ਆ ਸਕਦੀ
ਤੇ ਇਹ ਰੋਣਾ ਧੋਣਾ ਭਾਵੁਕਤਾ ਹੈ
ਬੁੱਧੀ ਜੀਵ ਭਾਵ ਨਿਰਲੇਪ ਹੁੰਦਾ
ਔਰਤ ਹਾਂ.....।" (੩)

ਔਰਤ ਦੀ ਗਲ ਕਰਦੇ ਕਰਦੇ ਕਵਿਤਰੀ ਜਦੋਂ ਮਾਨਵ ਹੱਕ ਪਹੁੰਚ ਜਾਂਦੀ ਹੈ ਤਾਂ ਉਸਦੀ ਕਵਿਤਾ ਵਿਚਲੀ ਵੱਖਰਤਾ ਦਾ ਅਹਿਸਾਸ ਹੁੰਦਾ ਹੈ, ਜੇ ਔਰਤ ਹਾਰਦੀ ਹੈ ਅਤੇ ਮਰਦ ਜਿਤਦਾ ਹੈ ਦੋਵੇਂ ਹੀ ਗਲਾਂ ਮਾਨਵ ਲਈ ਦੁੱਖਦਾਈ ਹਨ। ਕਿਉਕਿ ਉਸਦਾ ਆਪਣਾ ਹੀ ਅੱਧਾ ਆਪਾ, ਅੱਧੇ ਆਪੇ ਨੂੰ ਜਿਤਦਾ ਹੈ। ਇਹ ਖਾਨਾ ਜੰਗੀ ਹੈ, ਇਸ ਸਥਿਤੀ ਵਿਚ ਪੁਰਸ਼ ਵੀ ਅਧੂਰਾ ਹੈ ਅਤੇ ਔਰਤ ਵੀ ਅਧੂਰੀ ਰਹਿੰਦੀ ਹੈ।

ਦੂਰ ਦੂਰ ਤੱਕ ਪੂਰਨਤਾ ਦਾ ਨਿਸ਼ਾਨ ਕੋਈ ਨ
ਧੁੰਧਲਾ ਧੁੰਧੂਕਾਰ ਚਹੁੰ ਕੋਟੀ.....
ਸਿਲ ਗਿਆ ਉਹ ਸ਼ਹਿਰ
ਨਰ ਈਸ਼ਰ ਮੰਦਿਰ।" (੪)

ਕਵਿਤਰੀ ਹਿੰਦੂ ਮਿਥਿਹਾਸ ਵਿਚੋਂ ਅਰਧਨਾਰੀਸ਼ਵਰ ਦੇ ਮਿਥਕ ਸੰਕਲਪ ਦੇ ਆਧਾਰ ਤੇ ਕਹਿੰਦੀ ਹੈ:

"ਉਸ ਸ਼ਹਿਰ ਦਾ ਹਰ ਘਰ ਮੰਦਿਰ ਹੈ
ਅਤੇ ਹਰ ਸ਼ਹਿਰ ਵਾਸੀ
ਅਰਧਨਾਰੀਸ਼ਵਰ" (੫)

ਅਰਧ-ਨਾਰੀਸ਼ਵਰ ਮਿੱਥ ਦੀ ਆਧੁਨਿਕ ਸੰਦਰਭ ਵਿਚ ਸਾਰਥਕਤਾ ਦਾ ਮੁੱਲ ਤਾਂ ਹੀ ਹੋ ਸਕਦਾ ਹੈ, ਜੇ ਪਹਿਲੇ ਅਸੀਂ ਇਸ ਮਿੱਥ ਨੂੰ ਸਮਝ ਲਈਏ। ਹਿੰਦੂ ਮਿਥਿਹਾਸ ਅਨੁਸਾਰ,

"ਸ਼ਿਵ ਜੀ ਦਾ ਉਹ ਰੂਪ ਜਿਸ ਵਿਚ ਉਸ ਦਾ ਅੱਧੀ ਇਸਤਰੀ ਅਤੇ ਅੱਧੇ ਮਨੁੱਖ ਦਾ ਰੂਪ ਮਿਲਦਾ ਹੈ। ਇਹ ਰੂਪ ਇਸਤਰੀ ਅਤੇ ਮਨੁੱਖ ਦੀਆਂ ਸ਼ਕਤੀਆਂ ਦਾ ਚਿੰਨ੍ਹ ਹੈ। ਇਸ ਨੂੰ ਅਰਧ ਨਾਰੀਸ਼ ਅਤੇ ਪਰਾਂਗਰ ਵੀ ਕਿਹਾ ਜਾਂਦਾ ਹੈ।"(੬)

ਇਸ ਮਿੱਥ ਨੂੰ ਕਵਿਤਰੀ ਅੱਜ ਦੇ ਪਰੀਪੇਖ ਵਿਚ ਵਰਤਨਾ ਚਾਹੁੰਦੀ ਹੈ। ਪੁਰਾਤਨ ਵੈਦਿਕ ਕਾਲ ਵਿਚ ਇਸਤਰੀ ਨੂੰ ਪੁਰਸ਼ ਦੀ ਅਰਧਾਂਗਿਨੀ ਕਿਹਾ ਜਾਂਦਾ ਸੀ। ਕੋਈ ਵੀ ਸਮਾਜਕ, ਧਾਰਮਕ ਸੰਸਕਾਰ, ਪਤਨੀ ਤੋਂ ਬਿਨਾਂ ਪੂਰਾ ਨਹੀਂ ਸੀ ਹੁੰਦਾ। ਉਹ ਉਸ ਦੇ ਹਰ ਕੰਮ ਵਿਚ ਬਰਾਬਰ ਦੀ ਹਿੱਸੇਦਾਰ ਹੁੰਦੀ ਸੀ। ਪਰ ਬਦਲਦੇ ਪ੍ਰਬੰਧਾਂ ਨੇ ਅਰਧਨਾਂਗਿਨੀ ਨੂੰ ਗੁਲਾਮ ਬਣਾ ਦਿਤਾ। ਇਸਤਰੀ ਦਾ ਆਚਰਣ ਨਕਾਰਾਤਮਕ ਪੱਖਾਂ ਨਾਲ ਜੋੜ ਦਿਤਾ ਗਿਆ। ਇਸ ਮਿੱਥ ਰਾਹੀਂ ਕਵਿਤਰੀ ਇਹ ਕਹਿਣਾ ਚਾਹੁੰਦੀ ਹੈ ਕਿ ਪੁਰਾਤਨ ਵੈਦਿਕ ਕਾਲ ਵਿਚ ਵੀ ਇਸਤਰੀ ਪੁਰਸ਼ ਬਰਾਬਰ ਸਨ। ਦੋਹਾਂ ਦੀ ਬਰਾਬਰੀ ਦੀ ਗਲ ਅੱਜ ਨਵੀਂ ਨਹੀਂ ਚੁੱਕੀ ਗਈ। ਪੁਰਾਣੇ ਸੰਬੰਧਾਂ ਵਿਚਲੀ ਸਮਾਨਤਾ ਕਵਿਤਰੀ ਨੂੰ ਮਾਨਵੀ ਗੁਣ ਮਹਿਸੂਸ ਹੁੰਦੀ ਹੈ। ਇਸ ਲਈ ਉਹ ਫਿਰ ਇਸੇ ਮਾਨਵਤਾਂ ਅਤੇ ਸਮਾਨਤਾ ਦਾ ਸੁਪਨਾ ਦੇਖਦਾ ਹੈ। ਇਹ ਸੁਪਨਾ ਉਸ ਨੂੰ ਅਰਧਨਾਰੀਸ਼ਵਰ ਰਾਹੀਂ ਪੂਰਾ ਹੁੰਦਾ ਨਜ਼ਰ ਆਉਂਦਾ ਹੈ। ਉਸ ਨੂੰ ਇਕ ਐਸੇ ਸ਼ਹਿਰ ਦੀ ਤਲਾਸ਼ ਹੈ, ਜਿਸ ਵਿਚ ਪੁਰਾਣੇ ਸਾਂਸਕ੍ਰਿਤਕ ਮੁੱਲਾਂ ਨੂੰ ਫਿਰ ਤੋ ਸਥਾਪਿਤ ਕਰਨਾ ਹੈ। ਇਥੇ ਕਵਿਤਰੀ ਸਮਾਜਕ ਅਤੇ ਸੰਸਕ੍ਰਿਤਕ ਮੁੱਲਾਂ ਨੂੰ ਨਵੇਂ ਸਿਰਿਉਂ ਸਿਰਜਦੀ ਨਜ਼ਰ ਆਉਂਦੀ ਹੈ। ਇਨ੍ਹਾਂ ਸਾਂਸਕ੍ਰਿਤਕ ਮੁੱਲਾਂ ਵਿਚ ਇਸਤਰੀ ਹੀ ਨਹੀਂ ਸਗੋਂ ਪੁਰਸ਼ ਵੀ ਮੁਕਤ ਹੋਵੇਗਾ।

" ਸਾਡੇ ਨਾਲ ਵਧੀਕੀ ਹੋਈ
ਅਸੀਂ ਸਭ ਚਿਲਾਉਂਦੇ ਹਾਂ
ਵਧੀਕੀਆਂ ਦੇ ਮਹਾਂਚੱਕਰ ਦਾ ਭਾਗ ਬਣੇ, ਸਭ ਅਸੀਂ
ਫੇਰ ਹਾਲਾਤ ਮਾਲੂਮ ਕੌਣ ਕਰੇ
ਤਫਤੀਸ਼ ਤੇ ਨਿਰਣੇ ਕਿਸ ਹੱਥ ਸੌਂਪੀਏ"(੭)

ਮਨਜੀਤ ਪਾਲ ਕੌਰ ਨੇ ਔਰਤ ਹਾਂ ਦੇ ਅਹਿਸਾਸ ਨਾਲ ਆਪਣੀ ਗੱਲ ਸ਼ੁਰੂ ਕੀਤੀ। ਨਿਸੰਦੇਹ ਬਹੁਤ ਸਾਰੇ ਦੁਖਾਂ ਦਾ ਕਾਰਣ 'ਔਰਤ ਹਾਂ' ਨਾਲ ਹੀ ਜੁੜਿਆ ਹੈ। ਪਰ ਇਨ੍ਹਾਂ ਕਵਿਤਾਵਾਂ ਦੀ ਵੱਖਰਤਾ ਇਸ ਗਲ ਵਿਚ ਹੈ ਕਿ ਉਹ ਪੁਰਸ਼ ਤੋਂ ਬਦਲਾ ਨਹੀਂ ਲੈਣਾ ਚਾਹੁੰਦੀ ਕਿਉਂਕਿ ਇਸ ਨਾਲ ਸਮਾਜਕ ਅਤੇ ਪਰਿਵਾਰਕ ਸਥਿੱਰਤਾ ਸਥਾਪਤ ਨਹੀਂ ਹੋਵੇਗੀ। ਇਸ ਲਈ ਜ਼ਰੂਰੀ ਹੈ ਕਿ ਆਪਣੀ ਆਪਣੀ ਵੱਖਰੀ ਹੋਂਦ ਨੂੰ ਪਛਾਣਦੇ ਹੋਏ ਵੀ, ਮਾਨਵੀ ਮੁੱਲਾਂ ਨੂੰ ਕਾਇਮ ਕੀਤਾ ਜਾਏ।

## ਟਿਪਣੀਆਂ ਅਤੇ ਹਵਾਲੇ


1. ਅਮਨਦੀਪ ਕੌਰ (੨੦੧੮-੧੦-੭) ਸਾਂਝੀਆਂ ਥਾਵਾਂ ਅਤੇ ਔਰਤ ਦੀ ਹਿੱਸੇਦਾਰ ਦਾ ਸਵਾਲ, ਟ੍ਰਿਬਿਊਨ ਪੰਜਾਬੀ
2. Wikipedia, Promoting Gender Equality-2011
3. ਰੇਤ ਦੇ ਸਮੁੰਦਰ, ਮਨਜੀਤ ਪਾਲ ਕੌਰ, ਪੰਨਾ ੫੦
4. ਉਹੀ ਪੰਨਾ ੪੮
5. ਉਹੀ ਪੰਨਾ ੪੮
6. ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ ਪੰਜਾਬ ੧੯੬੩
7. ਰੇਤ ਦਾ ਸਮੁੰਦਰ, ਉਹੀ ਪੰਨਾ ੫੩